# ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ

## ਅਕਾਲ ਚਲਾਣੇ ਸਮੇਂ ਗੁਰਮਤਿ ਮਰਿਆਦਾ

ਸੰਸਾਰ ਵਿਚ ਜਨਮ ਲੈਣ ਤੋਂ ਬਾਅਦ ਮੌਤ ਇੱਕ ਅਟੱਲ ਸਚਾਈ ਹੈ। ਕਿਉਂਕਿ ਮੌਤ ਦੇ ਸਮੇਂ ਤੇ ਸਥਾਨ ਦੀ ਕਿਸੇ ਨੂੰ ਵੀ ਜਾਣਕਾਰੀ ਨਹੀਂ ਹੁੰਦੀ। ਸੋ ਕਿਸੇ ਵੀ ਪ੍ਰਾਣੀ ਦੇ ਅਕਾਲ ਚਲਾਣਾ ਤੋਂ ਬਾਅਦ ਪਰਿਵਾਰ ਦੇ ਮੈਂਬਰ ਪ੍ਰਾਣੀ ਦੇ ਅੰਤਿਮ ਸਸਕਾਰ ਦੀਆਂ ਰਸਮਾਂ ਲਈ ਮਾਨਸਿਕ ਤੌਰ ਤੇ ਪੂਰੇ ਤਿਆਰ ਨਹੀਂ ਹੁੰਦੇ।ਅਜਿਹੇ ਸਮੇਂ ਅਕਸਰ ਹੀ ਸਿੱਖ ਸਮਾਜ ਗੁਰਮਤਿ ਮਰਿਆਦਾ ਤੋਂ ਉਲਟ ਬਹੁਤ ਸਾਰੀਆਂ ਮਨਮਤੀ ਰਸਮਾਂ ਨਿਭਾਅ ਜਾਂਦਾ ਹੈ। ਇਹ ਜਾਣਕਾਰੀ ਇਸ ਮਕਸਦ ਨਾਲ ਲਿਖੀ ਗਈ ਹੈ ਕਿ ਪਰਿਵਾਰ ਵਿਚ ਮੌਤ ਹੋ ਜਾਣ ਦੀ ਸੂਰਤ ਵਿਚ ਅੰਤਿਮ ਰਸਮਾਂ ਨਿਭਾਉਣ ਸਮੇਂ ਅਸੀਂ ਗੁਰਮਤਿ ਮਰਿਆਦਾ ਵਿਚ ਰਹਿੰਦੇ ਹੋਏ ਮਨਮਤ ਤੋਂ ਕਿਵੇਂ ਬਚ ਸਕਦੇ ਹਾਂ।

**ਅਕਾਲ ਚਲਾਣਾ ਹੋਣ ਸਮੇਂ**

| ਕੀ ਕਰੀਏ | ਕੀ ਨਾ ਕਰੀਏ |
|---|---|
| 1. ਸਕੇ- ਸਬੰਧੀਆਂ ਨੂੰ ਉਸੇ ਸਮੇਂ ਸੂਚਿਤ ਕਰ ਦਿਤਾ ਜਾਵੇ। | 1. ਪ੍ਰਾਣੀ ਜੇਕਰ ਮੰਜੇ ਤੇ ਚਲਾਣਾ ਕਰ ਜਾਵੇ ਉਸਨੂੰ ਹੇਠਾਂ ਨਹੀਂ ਉਤਾਰਨਾ ਤੇ ਮੰਜੇ ਬਿਸਤਰੇ ਬਾਰੇ ਕਿਸੇ ਪ੍ਰਕਾਰ ਦਾ ਬੋਲੇੜਾ ਵਹਿਮ-ਭਰਮ ਕਰਕੇ ਉਸਨੂੰ ਨਸ਼ਟ ਕਰਨ ਦੀ ਲੋੜ ਨਹੀਂ। |
| 2. ਜੇਕਰ ਤੁਸੀਂ ਚਾਹੁੰਦੇ ਹੋ ਤਾਂ ਮ੍ਰਿਤਕ ਸਰੀਰ ਦੀਆਂ ਅੱਖਾਂ ਦਾਨ ਕਰਵਾਉਣ ਲਈ ਤੁਰੰਤ Distt. Nodal Officer Blidness Control ਨੂੰ ਸੰਪਰਕ ਕਰਨਾ ਚਾਹੀਦਾ ਹੈ ਵਧੇਰੇ ਜਾਣਕਰੀ ਲਈ ਕੁਝ ਸੰਪਰਕ ਨੰ.081468-44666 094638-54154,094172-51305 ਅਤੇ ਵੈਬਸਾਈਟ www.eyedonation.co.in | 2. ਕਿਸੇ ਪ੍ਰਕਾਰ ਦਾ ਦੀਵਾ, ਵੱਟੀ,ਪਿੰਡ,ਪੱਤਲ, ਗਊ ਆਦਿ ਨੂੰ ਮਨਸਾਉਣ ਦੇ ਚੱਕਰ ਵਿਚ ਨਹੀਂ ਪੈਣਾ। |
| 3. ਮੌਤ ਦੀ ਰਜਿਸਟ੍ਰੇਸ਼ਨ ਕਰਵਾਉਣੀ ਵੀ ਜ਼ਰੂਰੀ ਹੈ। | 3. ਗਰੁੜ ਪੁਰਾਣ ਦੀ ਕਥਾ ਸਿੱਖ ਧਰਮ ਵਿਚ ਵਿਵਰਜਿਤ ਹੈ। |
| 4. ਜੇ ਪਰਿਵਾਰ ਦੇ ਖਾਸ ਮੈਂਬਰਾਂ ਦੇ ਬਾਹਰਲੇ ਦੇਸ਼ ਆਦਿ ਤੋਂ ਪਹੁੰਚਣ ਵਿਚ ਅਜੇ ਸਮਾਂ ਲੱਗਣਾ ਹੋਵੇ ਤਾਂ ਸਰੀਰ ਨੂੰ ਨੇੜੇ ਦੀ ਮੋਰਚਰੀ (ਮ੍ਰਿਤਕ ਸਰੀਰ ਸੰਭਾਲ ਘਰ) ਵਿਚ ਜਮ੍ਹਾਂ ਕਰਵਾ ਦੇਣਾ ਚਾਹੀਦਾ ਹੈ। | 4. ਤੁਲਸੀ, ਗੰਗਾ ਜਲ ਜਾਂ ਸਾਲਗਰਾਮ ਦੀ ਕਿਸੇ ਪ੍ਰਕਾਰ ਦੀ ਵਰਤੋਂ ਨਹੀਂ ਕਰਨੀ। |
| 5. ਅੰਤਿਮ ਸਸਕਾਰ ਲਈ ਸਲਾਹ ਕਰਕੇ ਉਸੇ ਸਮੇਂ ਸਸਕਾਰ ਭੂਮੀ ਸਥਾਨ ਤੇ ਸਮਾਂ ਨਿਸ਼ਚਿਤ ਕਰ ਲਿਆ ਜਾਵੇ ਤੇ ਸਬੰਧੀਆਂ ਨੂੰ ਸੂਚਿਤ ਕਰ ਦਿਤਾ ਜਾਵੇ। | 5. ਕਿਸੇ ਤਰਾਂ ਦਾ ਰੋਣਾ,ਪਿੱਟਣਾ ਜਾਂ ਵਿਰਲਾਪ ਕਰਨਾ ਆਤਮਿਕ ਕਮਜ਼ੋਰੀ ਦਾ ਸੂਚਕ ਅਤੇ ਗੁਰਮਤਿ ਸਿਧਾਂਤ ਦੇ ਵਿਰੁਧ ਹੈ। |
| 6. ਅੰਤਿਮ ਸਸਕਾਰ ਲਈ ਲੋੜੀਂਦੇ ਬਸਤਰ, ਕੱਫਣ, ਲੱਕੜ ਦਾ ਪ੍ਰਬੰਧ ਕਰ ਲਿਆ ਜਾਵੇ। | 6. ਸਸਕਾਰ ਵਾਸਤੇ ਚਲਣ ਤੋਂ ਪਹਿਲਾਂ ਲੋੜ ਅਨੁਸਾਰ ਘਰ ਵਿਚ ਕੋਈ ਚਾਹ-ਪਾਣੀ, ਖਾਣਾ ਬਣਾਉਣਾ ਜਾਂ ਚੁੱਲਾ-ਗੈਸ ਬਾਲਣ ਦਾ ਵੀ ਕੋਈ ਵਹਿਮ ਨਹੀਂ ਕਰਨਾ। |
| 7. ਜੇ ਸਸਕਾਰ ਭੂਮੀ ਦੂਰ ਹੋਵੇ ਤਾਂ ਸ਼ਵ-ਵਾਹਨ ਦਾ ਇੰਤਜਾਮ ਕਰ ਲੈਣਾ ਚਾਹੀਦਾ ਹੈ। | 7. ਲੱਕੜ ਦੇ ਤੋਲ ਜਾਂ ਕੱਫ਼ਣ ਦੇ ਮਾਪ ਆਦਿ ਵਿਚ ਪੌਣ ਪਾਉਣ ਦੀ ਜ਼ਰੂਰਤ ਨਹੀਂ |
| 8. ਸਸਕਾਰ ਸਬੰਧੀ ਜੁੜੇ ਇਕੱਠ ਵਿਚ ਗੁਰਬਾਣੀ ਦਾ ਪਾਠ, ਕੀਰਤਨ ਜਾਂ ਵਾਹਿਗੁਰੂ ਦਾ ਜਾਪ ਆਰੰਭ ਕਰ ਦੇਣਾ ਚਾਹੀਦਾ ਹੈ ਤਾਂ ਜੋ ਭਾਣਾ ਮੰਨਣ ਦਾ ਬਲ ਮਿਲ ਸਕੇ। | |
| 9. ਜੇ ਮ੍ਰਿਤਕ ਪ੍ਰਾਣੀ ਨੌਕਰੀ ਕਰਦਾ ਹੋਵੇ ਤਾਂ ਸਬੰਧਿਤ ਮਹਿਕਮੇ ਨੂੰ ਸੂਚਿਤ ਕਰਨਾ ਜ਼ਰੂਰੀ ਹੈ। | **ਹਰਿ ਕਥਾ ਪੜੀਐ ਹਰਿਨਾਮੁ ਸੁਣੀਐ<br>ਬੇਬਾਣੁ ਹਰਿ ਰੰਗੁ ਗੁਰ ਭਾਵਏ।।<br>ਪਿੰਡ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ।।** |

| | |
|---|---|
| | (ਸ੍ਰੀ ਗੁਰ ਗ੍ਰੰਥ ਸਾਹਿਬ) |

**ਅੰਤਿਮ ਸਸਕਾਰ ਲਈ ਤਿਆਰੀ**

| ਕੀ ਕਰੀਏ | ਕੀ ਨਾ ਕਰੀਏ |
|---|---|
| 1. ਪ੍ਰਾਣੀ ਭਾਵੇਂ ਛੋਟੀ ਉਮਰ ਦਾ ਹੋਵੇ ਜਾਂ ਵੱਡੀ ਉਮਰ ਦਾ, ਸਿੱਖ ਧਰਮ ਵਿਚ ਅਗਨ-ਸਸਕਾਰ ਦੀ ਮਰਿਆਦਾ ਹੈ। ਜੇ ਕਿਤੇ ਅਗਨ-ਸਸਕਾਰ ਦਾ ਪ੍ਰਬੰਧ ਨਾਂ ਹੋ ਸਕੇ ਤਾਂ ਸਰੀਰ ਦੀ ਸੰਭਾਲ ਹੋਰ ਕਿਸੇ ਵੀ ਢੰਗ ਨਾਲ ਕੀਤੀ ਜਾ ਸਕਦੀ ਹੈ, ਕਿਸੇ ਪ੍ਰਕਾਰ ਦਾ ਭਰਮ ਨਹੀਂ ਕਰਨਾ ਅਤੇ ਨਾ ਹੀ ਸਸਕਾਰ ਦੇ ਸਮੇਂ ਵਾਸਤੇ ਦਿਨ ਜਾਂ ਰਾਤ ਦਾ ਹੀ ਕੋਈ ਭਰਮ ਕਰਨਾ ਹੈ। ਵਾਤਾਵਰਣ ਸਵੱਛਤਾ ਲਈ ਲੱਕੜਾਂ ਦੀ ਥਾਂ ਤੇ ਬਿਜਲੀ/ ਗੈਸ ਭੱਠੀ ਆਦਿ ਦਾ ਵੀ ਇਸਤੇਮਾਲ ਕੀਤਾ ਜਾ ਸਕਦਾ ਹੈ।<br>2. ਮ੍ਰਿਤਕ ਪ੍ਰਾਣੀ ਨੂੰ ਇਸ਼ਨਾਨ ਕਰਵਾ ਕੇ ਸਰੀਰ ਸੱਵਛ ਬਸਤਰ ਪੁਆਏ ਜਾਣ ਅਤੇ ਤਖਤੇ ਤੇ ਲਿਟਾ ਕੇ ਚਲਾਣੇ ਦਾ ਅਰਦਾਸਾ ਸੋਧਿਆ ਜਾਵੇ।ਇਸ਼ਨਾਨ ਸਮੇਂ ਤਕ ਪਾਠ, ਵਾਹਿਗੁਰੂ ਜਾਪ,ਕੀਰਤਨ ਆਦਿ ਹੁੰਦਾ ਰਹਿਣਾ ਚਾਹੀਦਾ ਹੈ।<br>3. ਸਸਕਾਰ-ਭੂਮੀ ਤਕ ਰਸਤੇ ਵਿਚ ਸ਼ਬਦ-ਕੀਰਤਨ ਪਾਠ ਜਾਂ ਜਾਪ ਹੀ ਕਰਨਾ ਚਾਹੀਦਾ ਹੈ।<br><br>**ਪੂਜਾ ਅਕਾਲ ਦੀ**<br>**ਪਰਚਾ ਸ਼ਬਦ ਦਾ**<br>**ਦੀਦਾਰ ਖਾਲਸੇ ਦਾ** | 1. ਕਕਾਰ ਸਰੀਰ ਤੋਂ ਜੁਦਾ ਨਹੀਂ ਕਰਨੇ।<br>2. ਤਖਤੇ ਉੱਤੇ ਲਿਟਾ ਕੇ ਕੱਫ਼ਣ ਪਾਉਣ ਤੋਂ ਬਾਅਦ ਸਰੀਰ ਦੀ ਸੰਭਾਲ ਲਈ ਕਮਰਕੱਸੇ ਬੰਨੇ ਜਾ ਸਕਦੇ ਹਨ ਪਰ ਇਸ ਨਾਲ ਸਬੰਧਤ ਕੋਈ ਭਰਮ ਜਿਵੇਂ ਕਿ ਉਚੇਚੀਆਂ ਗੱਠਾਂ ਬੰਨ੍ਹਣੀਆਂ ਆਦਿ ਨਹੀਂ ਕਰਨਾ ਚਾਹੀਦਾ।<br>3. ਕਿਸੇ ਬਜ਼ੁਰਗ ਸੱਜਣ ਦੇ ਮਰਣੇ ਉਪਰ ਬਿਬਾਣ ਆਦਿ ਕੱਢਣਾ ਵੀ ਵਿਵਰਜਿਤ ਹੈ। (ਬਿਬਾਣ ਵੱਡਾ ਕਰਨਾ- ਹਿੰਦੂ ਰੀਤੀ ਅਨੁਸਾਰ ਪੜਪੋਤੇ ਵਾਲਾ ਹੋ ਕੇ ਪ੍ਰਾਣੀ ਮਰੇ ਤਾਂ ਵੱਡਾ ਕਰਦੇ ਹਨ ) ਮ੍ਰਿਤਕ ਨੂੰ ਫੱਟੇ ਉਪਰ ਲਿਟਾ ਕੇ ਤਖਤੇ ਉਪਰ ਝੰਡੀਆਂ ਆਦਿ ਦੀ ਸਜਾਵਟ,ਪੈਸੇ,ਫੁੱਲ,ਮਖਾਣੇ ਆਦਿ ਉਪਰ ਸੁੱਟਣਾ, ਚਉਰ ਕਰਨਾ,ਬੈਂਡ ਵਾਜੇ ਵਜਾਉਣੇ ਆਦਿ ਸਾਰੇ ਮਨਮਤੀ ਕਰਮ ਹਨ।<br>4. ਰਸਤੇ ਵਿਚ ਜਾਂ ਉਥੇ ਪਹੁੰਚ ਕੇ ਬ੍ਰਾਹਮਣੀ ਮੱਤ ਅਨੁਸਾਰ ਵਿਸ਼ੇਸ਼ ਬਣਾਏ ਗਏ ਥੜੇ ਉੱਪਰ ਅਰਥੀ ਰੱਖ ਕੇ,ਕੋਈ ਅੱਧ ਮਾਰਗੀ ਜਾਂ ਘੜਾ ਭੰਨਣਾ,ਧਾਹ ਮਾਰਣੀ,ਮੱਥੇ ਟੇਕਣੇ , ਪਾਸਾ ਬਦਲਣ ਦੀ ਰਸਮ ਨਹੀਂ ਕਰਨੀ।<br>5. ਮ੍ਰਿਤਕ ਸਰੀਰ ਚਿਖਾ ਤੇ ਰੱਖ ਕੇ ਤਖਤੇ ਨੂੰ ਚਿਖਾ ਦੇ ਉਪਰੋਂ ਦੂਜੇ ਪਾਸੇ ਸੁੱਟਣਾ ਵੀ ਬਿਲਕੁਲ ਮਨਮਤ ਹੈ। |

**ਸਸਕਾਰ ਭੂਮੀ ਪਹੁੰਚ ਕੇ ਅਗਨ ਸਸਕਾਰ**

| ਕੀ ਕਰੀਏ | ਕੀ ਨਾ ਕਰੀਏ |
|---|---|

| | |
|---|---|
| 1. ਸਸਕਾਰ ਭੂਮੀ ਪਹੁੰਚ ਕੇ ਚਿਖਾ ਦੀ ਤਿਆਰੀ ਤਕ ਗੁਰਬਾਣੀ ਦਾ ਪਾਠ ਸਭ ਨੂੰ ਮਿਲ ਕੇ ਕਰਨਾ ਚਾਹੀਦਾ ਹੈ।<br><br>2. ਪਾਠ ਤੋਂ ਬਾਅਦ ਅਰਦਾਸਾ ਸੋਧ ਕੇ ਚਿਖਾ ਨੂੰ ਅੱਗ ਲਗਾ ਦਿਤੀ ਜਾਵੇ।<br>3. ਅੱਗ ਕੋਈ ਵੀ ਸੱਜਣ ਲਗਾ ਸਕਦਾ ਹੈ।<br><br>4. ਜਦੋਂ ਤਕ ਚਿਖਾ ਨੇ ਅਗਨੀ ਲਪੇਟ ਵਿਚ ਪੂਰੀ ਤਰਾਂ ਆਉਣਾ ਹੈ, ਨੇੜੇ ਥੋੜੀ ਵਿਥ ਤੇ ਬੈਠ ਕੇ ਸ਼ਬਦ-ਕੀਰਤਨ ਕੀਤਾ ਜਾਵੇ ਜਾਂ ਕੋਈ ਗੁਰਮੁਖ ਸੱਜਣ ਸਮੇਂ ਅਨੁਸਾਰ ਗੁਰਮਤਿ ਰੀਤੀ ਤੇ ਪ੍ਰਕਾਸ਼ ਪਾਵੇ ਅਤੇ ਮਨਮਤੀ ਪ੍ਰਭਾਵਾਂ ਤੋਂ ਸੁਚੇਤ ਕਰੇ।<br>5. ਜਦ ਚਿਖਾ ਪੂਰੀ ਤਰਾਂ ਅੱਗ ਦੀ ਲਪੇਟ ਵਿਚ ਆ ਜਾਵੇ ਤਾਂ '**ਸੋਹਿਲਾ'** ਬਾਣੀ ਪੜ੍ਹ ਕੇ ਅਰਦਾਸਾ ਸੋਧ ਕੇ ਮਿੱਤਰ,ਸਬੰਧੀ ਅਤੇ ਸੰਗਤਾਂ ਵਾਪਸ ਆਪਣੇ-ਆਪਣੇ ਘਰ ਮੁੜ ਆਉਣ।<br><br>6. ਇਸ ਸਮੇਂ ਪਾਠ ਦੇ ਭੋਗ ਦਾ ਦਿਨ ਨਿਸ਼ਚਿਤ ਕਰਕੇ ਸੰਗਤਾਂ ਨੂੰ ਦਸਿਆ ਜਾ ਸਕਦਾ ਹੈ। | 1. ਅੰਤਿਮ ਸਸਕਾਰ ਸਮੇਂ ਚਿਖਾ ਦੇ ਸਾਰੇ ਪਾਸੇ ਅਗਨ ਲਗਾਉਣੀ ਚਾਹੀਦੀ ਹੈ ਪਰ ਸਾਰੇ ਪਾਸੇ ਤੀਲੇ ਛੱਡਦੇ ਜਾਣਾ ਜਾਂ ਹੋਰ ਵਹਿਮ ਮਨਮਤ ਹੈ।<br>2. ਚਿਖਾ ਦੇ ਆਸ -ਪਾਸ ਕੇਸਰ ਜਾਂ ਫੁੱਲ ਆਦਿ ਛਿੜਕਣ ਦੀ ਜ਼ਰੂਰਤ ਨਹੀਂ ਹੈ।<br>3. ਬੱਚਾ, ਬਜ਼ੁਰਗ, ਕੁਆਰੀ ਕੰਨਿਆਂ ਜਾਂ ਸੁਹਾਗਣ ਇਸਤਰੀ ਦੇ ਮਰਣ ਉਪੰਰਤ ਵੱਖਰੇ-ਵੱਖਰੇ ਕਰਮ ਕੇਵਲ ਬ੍ਰਾਹਮਣੀ ਕਰਮ ਹਨ, ਗੁਰਮਤਿ ਵਿਚ ਇਹਨਾਂ ਨੂੰ ਕੋਈ ਥਾਂ ਨਹੀਂ।<br>4. ਸਸਕਾਰ ਸਮੇਂ ਤੀਲੇ, ਘਾਹ ਆਦਿ ਤੋੜਣਾ ਕਪਾਲ ਕਿਰਿਆ (ਮ੍ਰਿਤਕ ਦੇ ਸਿਰ ਵਿਚ ਡਾਂਗ ਮਾਰਨਾ) ਜਾਂ ਕਿਸੇ ਹੋਰ ਪ੍ਰਕਾਰ ਦੇ ਬ੍ਰਾਹਮਣੀ ਕਰਮ ਨਹੀ ਕਰਨੇ ਚਾਹੀਦੇ।<br><br>5. ਚਿਖਾ ਤੇ ਚੰਦਨ ਦੀ ਲੱਕੜੀ ਪਾਉਣਾ ਜਾਂ ਮ੍ਰਿਤਕ ਦੇ ਮੂੰਹ ਵਿਚ ਘਿਉ ਲਗਾਉਣਾ ਮਨਮਤ ਹੈ। ਸਸਕਾਰ ਉਪਰੰਤ ਘਰ ਪਹੁੰਚ ਕੇ ਇਸ਼ਨਾਨ ਆਦਿ ਜਰੂਰੀ ਨਹੀਂ ਅਤੇ ਨਾ ਹੀ ਪਾਣੀ ਦੇ ਉਲਟੇ ਸਿਧੇ ਛਿਟੇ ਹੀ ਮਾਰਨੇ ਚਾਹੀਦੇ ਹਨ। ਜਿਹੜੇ ਸੱਜਣ ਕਾਫੀ ਸਮੇਂ ਤੋਂ ਮ੍ਰਿਤਕ ਪ੍ਰਾਣੀ ਦੇ ਕੋਲ ਬੈਠੇ ਰਹੇ ਹੋਣ ਤੇ ਇਸ਼ਨਾਨ ਆਦਿ ਨਾ ਕਰ ਸਕੇ ਹੋਣ, ਉਹ ਸਰੀਰਕ ਸਵੱਛਤਾ ਲਈ ਇਸ਼ਨਾਨ ਕਰ ਸਕਦੇ ਹਨ। |

**ਅਗਨ ਸਸਕਾਰ ਤੋਂ ਬਾਅਦ**

**ਕੀ ਕਰੀਏ**

1) ਘਰ ਵਿਚ ਜਾਂ ਕਿਸੇ ਨੇੜੇ ਦੇ ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਆਰੰਭ ਕਰ ਦੇਣਾ ਚਾਹੀਦਾ ਹੈ।ਸਹਿਜ ਪਾਠ ਜਿਆਦਾ ਬਿਹਤਰ ਹੈ।
2) ਪਾਠ ਪਰਿਵਾਰ ਦੇ ਸਬੰਧੀ ਰਲ ਕੇ ਆਪ ਕਰਨ ਤਾਂ ਜਿਆਦਾ ਲਾਭ ਹੈ ਨਹੀਂ ਤਾਂ ਪਰਿਵਾਰ ਦੇ ਮੈਂਬਰ ਬੈਠ ਕੇ ਪਾਠ ਜ਼ਰੂਰ ਸੁਨਣ।
3) ਘਰ ਵਿਚ ਹੀ ਭੋਗ ਵਾਲੇ ਦਿਨ ਤਕ ਨਿਯਮ ਨਾਲ ਰੋਜ਼ਾਨਾ ਕੁਝ ਸਮਾਂ ਕੀਰਤਨ ਅਤੇ ਗੁਰਬਾਣੀ ਆਸ਼ੇ ਨੂੰ ਸਮਝਣ ਲਈ ਕਿਸੇ ਸੋਝੀ ਵਾਲੇ ਯੋਗ ਸੱਜਣ ਤੋਂ ਗੁਰਬਾਣੀ ਕਥਾ ਦਾ ਪ੍ਰਵਾਹ ਚਲਾਇਆ ਜਾਣਾ ਯੋਗ ਹੈ।
4) ਪਾਠ ਦੇ ਭੋਗ ਦੇ ਸਬੰਧ ਵਿਚ ਕਾਰਡ ਛਪਵਾ ਕੇ ਵੰਡੇ ਜਾ ਸਕਦੇ ਹਨ ਜਾਂ ਅਖਬਾਰ ਰਾਹੀਂ ਵੀ ਸੂਚਿਤ ਕੀਤਾ ਜਾ ਸਕਦਾ ਹੈ। ਕਾਰਡਾਂ ਤੇ ਗੁਰਬਾਣੀ ਦੀਆਂ ਪੰਗਤੀਆਂ ਲਿਖਣ ਤੇ ਗੁਰੇਜ ਕਰਨਾ ਚਾਹੀਦਾ ਹੈ।

**ਅੰਗੀਠੇ ਦੀ ਸੰਭਾਲ**

| ਕੀ ਕਰੀਏ | ਕੀ ਨਾ ਕਰੀਏ |
|---|---|
| 1. ਸਸਕਾਰ ਤੋਂ ਤੀਜੇ-ਚੌਥੇ ਦਿਨ, ਇਸ ਅੰਦਾਜੇ ਨਾਲ ਕਿ ਚਿਖਾ ਠੰਢੀ ਹੋ ਚੁੱਕੀ ਹੋਵੇ, ਉਸ ਉਪਰ ਪਾਣੀ ਦਾ ਛਿੜਕਾਅ ( ਤਾਂ ਜੋ ਚਿਖਾ ਦੀ ਗਰਮੀ ਨੁਕਸਾਨ ਨਾ ਕਰੇ) ਕਰਕੇ ਸਾਰੀ ਰਾਖ ਨੂੰ ਅਸਥੀਆਂ ਸਮੇਤ ਇਕੱਤਰ ਕਰਨਾ ਚਾਹੀਦਾ ਹੈ। ਮਕਸਦ ਅੰਗੀਠੇ ਦੀ ਸੰਭਾਲ (ਜਗ੍ਹਾ ਦੀ | 1. ਅੰਗੀਠੇ ਦੀ ਸਾਂਭ ਸੰਭਾਲ ਵਾਸਤੇ ਸਵੇਰੇ,ਸ਼ਾਮ, ਦਿਨ-ਵਾਰ ਜਾਂ ਪੈਂਚਕਾਂ ਆਦਿ ਦਾ ਭਰਮ ਬਿਲਕੁਲ ਨਹੀਂ ਕਰਨਾ। |

| | |
|---|---|
| ਸਫਾਈ) ਹੈ। | |
| 2. ਅੰਗੀਠੇ ਦੀ ਸਾਰੀ ਰਾਖ (ਅਸਥੀਆਂ ਸਮੇਤ) ਨੂੰ ਕਿਸੇ ਨੇੜੇ ਵਗਦੇ ਪਾਣੀ ਵਿਚ ਵਹਾ ਦੇਣਾ ਚਾਹੀਦਾ ਹੈ ਜਾਂ ਨੇੜੇ ਹੀ ਡੂੰਘਾ ਖੱਡਾਪੁੱਟ ਕੇ ਉਸ ਵਿਚ ਦਬਾ ਦੇਣਾ ਚਾਹੀਦਾ ਹੈ।ਜਲ ਪ੍ਰਦੂਸ਼ਣ ਤੋਂ ਬਚਾਅ ਲਈ ਰਾਖ ਨੂੰ ਮਿੱਟੀ ਵਿਚ ਦਬਾਉਣਾ ਜਿਆਦਾ ਲਾਭਕਾਰੀ ਹੈ। | 2. ਅੰਗੀਠੇ ਦੀ ਰਾਖ ਵਿਚੋਂ ਅਸਥੀਆਂ (ਫੁੱਲ/ਹੱਡੀਆਂ) ਅਲੱਗ ਨਹੀਂ ਚੁਗਣੀਆਂ।<br><br>3. ਸਸਕਾਰ ਅਸਥਾਨ ਤੇ ਕੋਈ ਯਾਦਗਾਰ,ਮੱਟੀ, ਸਮਾਧ ਆਦਿ ਨਹੀਂ ਉਸਾਰਨੀ। |

**ਪਾਠ ਦਾ ਭੋਗ**

| ਕੀ ਕਰੀਏ | ਕੀ ਨਾ ਕਰੀਏ |
|---|---|
| 1. ਅਕਾਲ ਚਲਾਣੇ ਤੋਂ ਦਸਵੇਂ ਦਿਨ , ਭੋਗ ਦੀ ਮਰਿਆਦਾ ਹੈ।( ਦਸਵਾਂ ਦਿਨ ਇਕ ਅੰਦਾਜ਼ਾ ਹੈ ਕੋਈ ਲਕੀਰ ਨਹੀਂ। ਸਹੂਲਤ ਅਨੁਸਾਰ ਘੱਟ-ਵੱਧ, ਕੋਈ ਛੁੱਟੀ ਆਦਿ ਦਾ ਦਿਨ ਵੀ ਮੁਕਰਰ ਕੀਤਾ ਜਾ ਸਕਦਾ ਹੈ। ਇਹ ਕੁਝ ਦਿਨ ਦੀ ਵਿਥ ਵਾਸਤੇ ਹੈ ਤਾਂ ਜੋ ਰਿਸ਼ਤੇਦਾਰਾਂ,ਸਬੰਧੀਆਂ ਨੂੰ ਠੀਕ ਤਰਾਂ ਸੂਚਿਤ ਕੀਤਾ ਜਾ ਸਕੇ। | 1. ਭੋਗ ਵਾਲੇ ਦਿਨ ਮ੍ਰਿਤਕ ਪ੍ਰਾਣੀ ਨਮਿਤ ਭਾਂਡੇ,ਬਿਸਤਰ,ਫਲ, ਮੰਜੇ ਆਦਿ ਵਸਤਾਂ ਗੁਰਦੁਆਰੇ ਜਾਂ ਕਿਸੇ ਨੂੰ ਵੀ ਦਾਨ ਦੇਣੀਆਂ ਬ੍ਰਾਹਮਣੀ ਮੱਤ ਹੈ। ਗੁਰਦੁਆਰਾ ਪ੍ਰਬੰਧਕ ਵੀਰ ਅਜਿਹੀਆਂ ਵਸਤਾਂ ਲੈਣ ਤੋਂ ਕਰੜਾਈ ਨਾਲ ਮਨ੍ਹਾਂ ਕਰ ਦੇਣ ਤੇ ਇਸ ਸਬੰਧੀ ਪਰਿਵਾਰ ਨੂੰ ਪਹਿਲਾਂ ਹੀ ਜਾਣਕਾਰੀ ਦੇ ਦੇਣ। ਗੁਰਦੁਆਰਾ ਸਾਹਿਬ ਨੂੰ ਲੋੜ ਅਨੁਸਾਰ ਵਸਤ ਜਾਂ ਮਾਇਆ ਦੇਣ ਵਿਚ ਮਨਾਹੀ ਨਹੀਂ ਪਰ ਇਹ ਸਪਸ਼ਟ ਕਰਨਾ ਬਹੁਤ ਜਰੂਰੀ ਹੈ ਕਿ ਅਕਾਲ ਚਲਾਣਾ ਕਰ ਗਏ ਵਿਅਕਤੀ ਨੂੰ ਇਹਨਾਂ ਵਸਤਾਂ ਦਾ ਕੋਈ ਲਾਭ ਨਹੀਂ ਹੋਵੇਗਾ। |
| 2. ਭੋਗ ਦੇ ਦਿਨ ਤਕ ਘਰ ਵਿਚ ਜਿਥੇ ਪਾਠ ਹੋ ਰਿਹਾ ਹੈ, ਉਥੇ ਹੀ ਆਏ ਗਏ ਨੂੰ ਬੈਠ ਕੇ ਪਾਠ ਸੁਣਨ ਜਾਂ ਕਰਨ ਲਈ ਪ੍ਰੇਰਨਾ ਦੇਣੀ ਹੈ। ਕੋਈ ਵੱਖਰੀ ਜਗ੍ਹਾ ਮੁਕਰਰ ਨਹੀਂ ਕਰਨੀ ਅਤੇ ਨਾ ਹੀ ਫੂਹੜੀ ਆਦਿ ਪਾਉਣੀ ਹੈ। | 2. ਅਰਦਾਸੀਏ ਜਾਂ ਗ੍ਰੰਥੀ ਸਿੰਘਾਂ ਵਲੋਂ ਅਗਿਆਨਤਾ ਵੱਸ ਜਾਂ ਘਰ ਵਾਲਿਆਂ ਦੀ ਵੱਧ ਤੋਂ ਵੱਧ ਖੁਸ਼ੀ ਨੂੰ ਹਾਸਲ ਕਰਨ ਲਈ ਅਰਦਾਸ ਵਿਚ ਇਹ ਕਹਿਣਾ ਕਿ ਕੀਤੇ ਗਏ ਪਾਠ, ਕੀਰਤਨ ਜਾਂ ਦਿਤੀਆਂ ਵਸਤਾਂ ਦਾ ਮਹਾਤਮ ਵਿਛੜੀ ਆਤਮਾ ਨੂੰ ਪ੍ਰਾਪਤ ਹੋਵੇ ਇਕ ਬਹੁਤ ਵੱਡੀ ਭੁੱਲ ਤੇ ਮਨਮਤ ਹੈ। ਅਰਦਾਸ ਕੇਵਲ ਵਿਛੜੀ ਆਤਮਾ ਨੂੰ ਵਾਹਿਗੁਰੂ ਦੇ ਚਰਨਾਂ ਵਿਚ ਨਿਵਾਸ ਅਤੇ ਪਰਿਵਾਰ ਤੇ ਸਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਾਉਣ ਲਈ ਹੀ ਹੋਣੀ ਚਾਹੀਦੀ ਹੈ। ਇਹ ਗੱਲ ਚੰਗੀ ਤਰਾਂ ਸਮਝ ਲੈਣੀ ਚਾਹੀਦੀ ਹੈ ਕਿ ਪ੍ਰਾਣੀ ਦੇ ਮਰਨ ਤੋਂ ਬਾਅਦ ਗੁਰਬਾਣੀ ਦੇ ਪਾਠ, ਕੀਰਤਨ, ਕਥਾ ਕਰਨ ਦਾ ਸਬੰਧ ਸਿਰਫ ਘਰ ਵਾਲਿਆਂ,ਸਬੰਧੀ ਅਤੇ ਮਿਤਰਾਂ ਨਾਲ ਹੈ ਤਾਂ ਜੋ ਉਹ ਵਿਛੋੜੇ ਦੀ ਅਸਹਿ ਸੱਟ ਨੂੰ ਸਹਾਰ ਸਕਣ ਤੇ ਭਾਣੇ ਵਿਚ ਜਿਊਣ ਦਾ ਬਲ ਪ੍ਰਾਪਤ ਕਰ ਸਕਣ। |
| 3. ਭੋਗ ਸਮੇਂ ਕੀਰਤਨ ,ਕਥਾ ਅਤੇ ਆਏ ਸੱਜਣਾਂ ਲਈ ਲੰਗਰ ਆਦਿ ਦਾ ਉਚਿਤ ਪ੍ਰਬੰਧ ਹੋਵੇ।<br><br>**ਜਬ ਲਗ ਖਾਲਸਾ ਰਹੈ ਨਿਆਰਾ॥**<br>**ਤਬ ਲਗ ਤੇਜ ਦੀਓ ਮੈ ਸਾਰਾ॥**<br>**ਜਬ ਇਹ ਗਹੈ ਬਿਪਰਨ ਕੀ ਰੀਤੁ॥**<br>**ਮੈ ਨਾ ਕਰਉ ਇਨ ਕੀ ਪਰਤੀਤੁ॥** | 3. ਮ੍ਰਿਤਕ ਦੇ ਭੋਗ ਸਮੇਂ ਭਾਵੇਂ ਕੋਈ ਅਮੀਰ ਜਾਂ ਗਰੀਬ ਹੋਵੇ ਉਸਦੀ ਤਸਵੀਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਰੱਖਣੀ ਮਨਮਤ ਹੈ।<br>4. ਭੋਗ ਸਮੇਂ(ਜਾਂ ਇਸ਼ਤਿਹਾਰਾਂ ਵਿਚ) ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚੋਂ ਇਸ ਪਉੜੀ ਦਾ ਅਕਸਰ ਜ਼ਿਕਰ/ ਕੀਰਤਨ ਕੀਤਾ ਜਾਂਦਾ ਹੈ-<br>**ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ॥**<br>**ਸਚੀ ਦਰਗਹ ਜਾਇ ਸਚਾ ਪਿੜ ਮਲਿਆ॥**<br>ਉਪਰੋਕਤ ਪਉੜੀ ਦੇ ਭਾਵ- ਅਰਥਾਂ ਦੀ ਦੁਰਵਰਤੋਂ ਆਮ ਮਨਮਤੀ ਮਨੁੱਖਾਂ ਲਈ ਕੀਤੀ ਜਾ ਰਹੀ ਹੈ ਜੋ ਗੁਰਬਾਣੀ ਦੀ ਭਾਵਨਾ ਦੇ ਉਲਟ ਹੈ। ਸਦੁ ਬਾਣੀ ਦਾ ਪਾਠ ਕੇਵਲ ਮਰਿਆਦਾ ਪੂਰਤੀ ਕਰਨ ਦੀ ਥਾਂ ਗੁਰਬਾਣੀ ਦੇ ਅਰਥ ਭਾਵ ਲਾਗੂ ਕਰਨ ਦਾ ਯਤਨ ਕਰੀਏ। |

**ਭੋਗ ਤੋਂ ਬਾਅਦ**

| ਕੀ ਕਰੀਏ | ਕੀ ਨਾ ਕਰੀਏ |
|---|---|
| 1. ਪਰਿਵਾਰ ਦੇ ਮੈਂਬਰਾਂ ਨੂੰ ਭਾਣਾ ਮੰਨਣ ਅਤੇ ਅਗਲੇਰਾ ਜੀਵਨ ਸੁਚੱਜਾ ਚਲਾਉਣ ਲਈ ਹੌਂਸਲਾ ਤੇ ਯਥਾ ਸ਼ਕਤਿ ਮਦਦ ਦਈਏ।<br>2. ਜੇ ਕਿਸੇ ਦਾ ਪਤੀ ਜਾਂ ਪਤਨੀ ਘੱਟ ਉਮਰ ਵਿਚ ਅਕਾਲ ਚਲਾਣਾ ਕਰ ਗਿਆ ਹੋਵੇ ਤਾਂ ਪਰਿਵਾਰ ਦੇ ਸਕੇ ਸਬੰਧੀ ਵਿਚਾਰ ਕੇ ਉਸਦਾ ਪੁਨਰ -ਵਿਆਹ ਵੀ ਕਰ ਸਕਦੇ ਹਨ।<br>3. ਮੌਤ ਦੀ ਰਜਿਸਟਰੇਸ਼ਨ ਕਰਵਾ ਕੇ ਸਟੀਫਿਕੇਟ ਲੈਣਾ ਬਹੁਤ | 1. ਭੋਗ ਤੋਂ ਬਾਅਦ ਕੋਈ ਸਤਾਰਵਾਂ, ਵਰੀਣਾ, ਸਰਾਧ ਆਦਿ ਕਰਨਾ ਮਨਮਤ ਹੈ।<br><br>2.ਕੁਝ ਭੁੱਲੜ ਸਰਾਧਾਂ ਦੇ ਵਹਿਮ ਵਿਚ ਫਸ ਕੇ ਸਰਾਧਾਂ ਦੇ ਦਿਨਾਂ ਵਿਚ ਗੁਰਦੁਆਰਿਆਂ ਵਿਚ ਮ੍ਰਿਤਕ ਪ੍ਰਾਣੀ ਦੇ ਨਮਿਤ ਫਲ,ਕੜਾਹ,ਚੌਲ, ਭੋਜਨ ਆਦਿ ਲੈ ਜਾਂਦੇ ਹਨ ਜੋ ਮਨਮਤ ਹੈ ਤੇ ਗੁਰਦੁਆਰਾ ਪ੍ਰਬੰਧਕ ਇਸਨੂੰ ਸਖਤੀ ਨਾਲ |

| | |
|---|---|
| ਜ਼ਰੂਰੀ ਹੈ।<br>4. ਜੇ ਮ੍ਰਿਤਕ ਦਾ ਜੀਵਨ ਬੀਮਾ ਕਰਵਾਇਆ ਗਿਆ ਹੋਵੇ ਤਾਂ ਸਬੰਧਿਤ ਕੰਪਨੀਆਂ ਨੂੰ ਕਾਗਜ਼ਾਤ ਜਮਾਂ ਕਰਵਾ ਦੇਣੇ ਚਾਹੀਦੇ ਹਨ।<br>5.ਜੇ ਮੌਤ ਦੁਰਘਟਨਾ ਨਾਲ ਹੋਈ ਹੋਵੇ ਤਾਂ ਦੁਰਘਟਨਾ ਬੀਮਾ ਕਲੇਮ ਲਿਆ ਜਾ ਸਕਦਾ ਹੈ। | ਰੋਕਣ।<br>3.ਕੋਈ ਵੀ ਸਿੱਖ ਕਿਸੇ ਦੇ ਘਰ ਮ੍ਰਿਤਕ ਪ੍ਰਾਣੀ ਨਮਿਤ ਲੰਗਰ (ਸ਼ਰਾਧ) ਛਕਣ ਨਾ ਜਾਵੇ,ਇਹ ਮਨਮਤ ਹੈ। |

**ਸ਼ਰਧਾਂਜਲੀ**

ਮ੍ਰਿਤਕ ਪ੍ਰਾਣੀ ਨੂੰ ਸ਼ਰਧਾਂਜਲੀ ਦੇਣ ਦੀ ਇਕ ਗਲਤ ਰੀਤ ਸਿੱਖ ਸਮਾਜ ਵਿਚ ਚਲ ਪਈ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗੁਰਮਤਿ ਵਿਚਾਰਾਂ ਕਰਨੀਆਂ,ਜਿੰਦਗੀ ਤੇ ਮੌਤ ਦਾ ਫਲਸਫਾ ਸੰਗਤ ਨੂੰ ਦਰਸਾਉਣਾ ਚੰਗੀ ਗੱਲ ਹੈ ਪਰ ਸ਼ਰਧਾਂਜਲੀਆਂ ਦੇ ਨਾਮ ਤੇ ਬੋਲਿਆਂ ਜਾਂਦਾ ਝੂਠ ਗੁਰਮਤਿ ਵਿਚ ਪ੍ਰਵਾਨ ਨਹੀਂ। ਸਮਾਜ ਦੀ ਦੇਖਾ ਦੇਖੀ ਘਰ ਦੇ ਮੈਂਬਰਾਂ ਦੀ ਦਿਲੀ ਇੱਛਾ ਹੁੰਦੀ ਹੈ ਕਿ ਸਮਾਜ ਵਿਚ ਕੋਈ ਆਗੂ ਜਾਂ ਚੰਗਾ ਬੁਲਾਰਾ ਜੋ ਉਹਨਾਂ ਦੀਆਂ ਸਿਫਤਾਂ ਕਰ ਸਕੇ ਜ਼ਰੂਰ ਬੁਲਾਇਆ ਜਾਵੇ। ਕੀਰਤਨ ਤੇ ਗੁਰਮਤਿ ਵਿਚਾਰਾਂ ਤੋਂ ਇਲਾਵਾ ਸ਼ਰਧਾਂਜਲੀਆਂ ਭੇਟ ਕਰਨੀਆਂ ਨਿਰੀ ਮਨਮਤ ਹੈ ਤੇ ਇਹ ਕੋਝਾ ਰਿਵਾਜ ਬਿਲਕੁਲ ਬੰਦ ਕਰਨਾ ਤੇ ਕਰਵਾਉਣਾ ਚਾਹੀਦਾ ਹੈ।

**ਕੀ ਤੁਹਾਨੂੰ ਪਤਾ ਹੈ ?**

ਜਦੋਂ ਕਿਸੇ ਤੇਜ ਰਫਤਾਰ ਵਾਲੇ ਵਾਹਨ ਕਾਰਨ ਤੁਹਾਨੂੰ ਜਾਂ ਤੁਹਾਡੇ ਕਿਸੇ ਨਜ਼ਦੀਕੀ ਨੂੰ ਨੁਕਸਾਨ ਪਹੁੰਚਦਾ ਹੈ ਅਤੇ ਸੱਟ ਮਾਰਣ ਵਾਲੇ ਵਾਹਨ ਦੀ ਤਸਦੀਕ ਨਹੀਂ ਹੁੰਦੀ ਉਸ ਸੂਰਤ ਵਿਚ ਨੈਸ਼ਨਲ ਸੋਲੀਸਮ ਸਕੀਮ 1989 U/S 161 Motor Vehicle Act 1988 ਤਹਿਤ ਮੌਤ ਹੋਣ ਉਪੰਰਤ 25000/- ਅਤੇ ਸਖਤ ਚੋਟ ਉਪੰਰਤ 12500/- ਸਰਕਾਰ ਵਲੋਂ ਮੁਆਵਜ਼ਾ ਦਿਤਾ ਜਾਂਦਾ ਹੈ। ਵਧੇਰੇ ਜਾਣਕਾਰੀ ਲਈ ਆਪਣੇ ਜਿਲ੍ਹੇ ਦੀ ਟਰੈਫਿਕ ਸਿੱਖਿਆ ਸ਼ਾਖਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਆਓ ਰੋਜ਼ਾਨਾ ਸਹਿਜ ਪਾਠ ਕਰੀਏ

ਆਓ ਗੁਰੂ ਪਿਆਰਿਓ, ਸਾਰੇ ਗੁਰੂ ਚਰਨੀ ਲਗੀਏ। ਹਰ ਰੋਜ਼ ਆਪੋ ਆਪਣਾ ਸਹਿਜ ਪਾਠ ਕਰੀਏ।ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਤੋਂ, ਸੈਂਚੀਆਂ ਤੋਂ (ਦੋ ਭਾਗ), ਸ਼ਬਦਾਰਥ ਤੋਂ (ਚਾਰ ਭਾਗ) ਜਾਂ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਤੋਂ (ਦਸ ਭਾਗ- ਪ੍ਰੋ.ਸਾਹਿਬ ਸਿੰਘ ਕ੍ਰਿਤ), ਜਿਥੋਂ ਮਰਜੀ ਕੁਝ ਅੰਕ ਜਰੂਰ ਸਮਝ ਕੇ ,ਵਿਚਾਰ ਕੇ, ਸਹਿਜ ਨਾਲ ਸਹਿਜ ਪਾਠ ਕਰੀਏ। ਗੁਰਬਾਣੀ ਹੁਕਮਾਂ ਦੀ ਰੋਸ਼ਨੀ ਵਿਚ ਆਪਾ ਪੜਚੋਲਦੇ ਹੋਏ ਸੁਧਾਰ ਲਈ ਯਤਨਸ਼ੀਲ ਹੋਈਏ।

**ਨੋਟ:- ਅਕਾਲ ਚਲਾਣੇ ਸਮੇਂ ਗੁਰਮਤਿ ਮਰਿਆਦਾ ਸਬੰਧੀ ਇਹ ਜਾਣਕਾਰੀ ਆਮ ਸੰਗਤਾਂ ਤਕ ਪਹੁੰਚਾਉਣ ਲਈ ਸ਼ੁਭ ਕਰਮਨ ਸੁਸਾਇਟੀ (ਰਜਿ.) ਟਾਂਡਾ ਰੋਡ, ਹੁਸ਼ਿਆਰਪੁਰ ਵਲੋਂ ਬਹੁਤ ਵੱਡੀ ਗਿਣਤੀ ਵਿਚ ਪੈਂਫਲੇਟ ਰੂਪ ਵਿਚ ਛਾਪ ਕੇ ਵੰਡੇ ਗਏ ਹਨ।ਦਾਸ ਵੀ ਇਸ ਸੁਸਾਇਟੀ ਦਾ ਸਹਿਯੋਗੀ ਮੈਂਬਰ ਹੈ।ਸੁਸਾਇਟੀ ਦੇ ਵਿਸ਼ੇਸ਼ ਸਹਿਯੋਗ ਅਤੇ ਧੰਨਵਾਦ ਸਹਿਤ ਇਸ ਜਾਣਕਾਰੀ**

ਨੂੰ ਹੋਰ ਅੱਗੇ ਵਧਾਉਣ ਲਈ ਇੰਟਰਨੈਟ ਉਪਰ ਪਾਇਆ ਜਾ ਰਿਹਾ ਹੈ। ਇਸ ਜਾਣਕਾਰੀ ਨੂੰ ਕੋਈ ਵੀ ਸੱਜਣ ਹੋਰ ਛਪਵਾ ਕੇ ਵੰਡ ਸਕਦਾ ਹੈ।

ਦਾਸਰਾ

-ਸੁਖਜੀਤ ਸਿੰਘ,ਕਪੂਰਥਲਾ
ਗੁਰਮਤਿ ਪ੍ਰਚਾਰਕ/ ਕਥਾਵਾਚਕ
201, ਗਲੀ ਨਬੰਰ 6,ਸੰਤਪੁਰਾ
ਕਪੂਰਥਲਾ (ਪੰਜਾਬ)
(98720-76876,01822-276876)
**sukhjit.singh69@Yahoo.com**